# KHALSA PRIMARY SCHOOL

Headteacher: Ms P. K. Sehmi

Volume 5
Issue 29

## Week beginning: 12 May 2014


***As our newsletters contain pictures of Gurus and Gurdwaras, please treat them with respect.***

### Summer Mela

This year's summer mela will be held on Saturday 5th July. We will be working with children, staff, parents, governors and the Gurdwara to organise and make it a great event for everyone. There will be a meeting held this **Wednesday 21st May at 9.00am in the small hall,** for volunteers who wish to participate in organising this event. Please do your best to attend and offer your ideas and support. If you are unable to attend the meeting, and would like to volunteer, please let the staff in the school office know.

### Cooking After School Club



We have 8 places for the cooking club for the summer term for 9 weeks. If you would like your child to join cooking club in the summer term please pay Miss Kaur £45 for 9 weeks (in the school office).

### School Uniform



Children are reminded to wear the **correct** school uniform everyday. Please ensure they do so. All jumpers and cardigans must have a school logo. Black school shoes **(no trainers/football shoes are allowed – unless during sports activities, for which they need to change in and out of at school)**

If your child comes to school without wearing the correct school uniform, you will be contacted to bring the correct clothing into school. We will be monitoring all children **very** carefully.

### Class Assemblies

Please see below dates of all the assemblies this half term. We welcome parents & governors to come and watch the children performing. Assemblies start at **8.50am**. Please be on time.

| Class | Date |
|---|---|
| **Sahibzada Jujhar Singh Ji class (Mr Sembhi)** | **Friday 16th May** |
| Sahibzada Zorawar Singh Ji class (Miss Chatwal) | Friday 13th June |
| Sahibzada Fateh Singh Ji class (Miss Harrid) | Thursday 19th June |
| Nursery class (Mrs Virdee) | Friday 20th June |
| Yr3-Guru Ram Das Ji Class (Miss Birk) | Friday 27th June |
| Yr3-Guru Amar Das Ji Class (Mrs Kaur) | Friday 4th July |
| Yr4-Guru Arjan Dev Ji Class (Miss Jutla) | Friday 11th July |
| Yr4-Guru Har Gobind Sahib Ji Class (Mrs Jatana) | Wednesday 16th July |

### Dates for your diary




| Date | Event |
|---|---|
| **Monday 12th May - Friday 18th May** | **Book Fair** |
| Week beginning Monday 19th May | Start of Year 2 SATs<br>*Will continue in June* |
| Monday 26th May - Friday 30th May | Half Term |

### Children's Book Week






This week we will be holding a Book Fair. You will have the opportunity to buy books for your children. This will be held from 3.20 pm to 4.00pm every day in the school hall.

### Parking & attendance

As you may have noticed we now have a Zebra crossing in front of the school. This will improve the safety of all road users, especially our children. We know this may be causing problems with parking. Parking a little away from the school also encourages you and your child to walk into school. We advise parents to leave home early for children to arrive to school on time.

We would also like to remind you to please park with respect and keep the safety of everyone, including our neighbours, in mind at all times. Please DO NOT park:



- in front of driveways,
- in front of school car gates,
- in the private property of Elm View Court,
- Inappropriately, leaving large spaces between cars,
- on double yellow lines,
- on zigzag markings outside the school.


**This area is being monitored by traffic wardens**

**We would like to remind parents not to leave their personal belongings in the car whilst dropping or picking children from school.**

### Thought of the week

**"Through selfless service, eternal peace is obtained." Sri Guru Granth Sahib Ji**

### ATTENDANCE



Well done to **Guru Arjan Dev Ji Class** for achieving best attendance for week ending **09/05/2014**.

### GOLDEN RULES

This week's Golden Rule is **'Remembering God.'**

Children who were awarded for **Caring & Sharing** for week ending **09/05/2014:**







**Year 4:**
Guru Hargobind Sahib Ji - Nimran
Guru Arjan Dev Ji - Rajshivraj

**Year 3:**
Guru Ram Das Ji - Nikita
Guru Amar Das Ji - Prabhleen

**Year 2:**
Guru Nanak Dev Ji - Srina
Guru Angad Dev Ji - Gurshaman

**Year 1:**
Sahibzada Ajit Singh Ji - Tarandeep
Sahibzada Jujhar Singh Ji - Ajeet

**Reception:**
Sahibzada Fateh Singh Ji - Amanpreet
Sahibzada Zorawar Singh Ji - Harneesh


Khalsa Primary School - Norwood Green Road, Southall, Middlesex, UB2 4LA.
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

## ਹਫ਼ਤੇ ਦਾ ਅਰੰਭ: ੧੨ ਮਈ ੨੦੧੪

**ਵਾਲਿਓਮ ੫, ਇਸ਼ੂ ੨੯**

**ਸਾਡੇ ਇਸ ਖ਼ਬਰਨਾਮੇ ਵਿਚ ਗੁਰੂ ਸਾਹਿਬਾਨ ਅਤੇ ਗੁਰਦੁਆਰਾ ਸਾਹਿਬ ਦੀਆਂ ਤਸਵੀਰਾਂ ਹਨ, ਇਸ ਦਾ ਪੂਰਨ ਸਤਿਕਾਰ ਕਰਨਾ ਜੀ।**

### ਗਰਮੀਆਂ ਦਾ ਮੇਲਾ

ਇਸ ਸਾਲ ਦਾ ਗਰਮੀਆਂ ਦਾ ਮੇਲਾ ਸਨਿਚਰਵਾਰ ੫ ਮਈ ਨੂੰ ਲਗਾਇਆ ਜਾਵੇਗਾ।ਇਸ ਸਾਲ ਵੀ ਅਸੀਂ ਬਚਿੱਆਂ, ਸਟਾਫ਼, ਮਾਪਿਆਂ, ਗਵਰਨਰ ਸਾਹਿਬਾਨ ਅਤੇ ਗੁਰਦੁਆਰਾ ਸਾਹਿਬ ਦੇ ਸਹਿਯੋਗ ਨਾਲ ਇਸ ਮੇਲੇ ਨੂੰ ਇਕ ਯਾਦਗਾਰੀ ਘਟਨਾ ਬਣਾਵਾਂਗੇ।ਜਿਹੜੇ ਸੇਵਾਦਾਰ ਇਸ ਮੌਕੇ ਸੇਵਾ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਬੁਦਵਾਰ ੨੧ ਮਈ ਨੂੰ ਸਕੂਲ ਦੇ ਛੋਟੇ ਹਾਲ ਵਿਚ ਸਵੇਰੇ ੯ ਵਜੇ ਇਕ ਮੁਲਾਕਾਤ ਹੋਵੇਗੀ।ਕਿਰਪਾ ਕਰਕੇ ਇਸ ਮੁਲਾਕਾਤ ਵਿਚ ਸ਼ਾਮਿਲ ਹੋ ਕੇ ਆਪਣੇ ਸੁਝਾਅ ਅਤੇ ਸਹਿਯੋਗ ਦੇਣੋਂ ਨਾ ਝਿਜਕਣਾ ਜੀ।ਜੇਕਰ ਆਪ ਜੀ ਸੇਵਾ ਕਰਨਾ ਚਾਹੁੰਦੇ ਹੋ ਪਰ ਕਿਸੇ ਕਾਰਨ ਮੁਲਾਕਾਤ ਵਿਚ ਸ਼ਾਮਿਲ ਨਹੀਂ ਹੋ ਸਕਦੇ ਤਾਂ ਕਿਰਪਾ ਕਰਕੇ ਸਕੂਲ ਦਫ਼ਤਰ ਦੇ ਸਟਾਫ਼ ਨੂੰ ਸੂਚਿਤ ਕਰਨਾ ਜੀ।

### ਕੁਕਿੰਗ ਸਕੂਲ ਬਾਅਦ ਦੇ ਕਲਬ



ਸਾਡੇ ਕੋਲ ਗਰਮੀਆਂ ਦੀ ਟਰਮ ਦੇ ਕੁਕਿੰਗ ਕੱਲਬ ਵਿਚ ੯ ਹਫ਼ਤਿਆਂ ਲਈ ੮ ਥਾਵਾਂ ਖਾਲੀ ਹਨ।ਜੇਕਰ ਤੁਸੀਂ ਆਪਣੇ ਬੱਚੇ ਨੂੰ ਇਸ ਕੁਕਿੰਗ ਕੱਲਬ ਵਿਚ ਭੇਜਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ੯ ਹਫ਼ਤਿਆਂ ਲਈ ੪੫ ਪਾਉਂਡ ਸਕੂਲ ਦਫ਼ਤਰ ਵਿਚ **ਸ਼ੁਕਰਵਾਰ ੩੦ ਅਪਰੈਲ** ਤੱਕ ਮਿਸ ਕੌਰ ਕੋਲ ਜਮ੍ਹਾਂ ਕਰਵਾਉਣੇ ਜੀ।

### ਸਕੂਲੀ ਵਰਦੀ



ਬਚਿੱਆਂ ਨੂੰ ਯਾਦ ਕਰਵਾਇਆ ਜਾਂਦਾ ਹੈ ਕਿ ਉਹ ਠੀਕ ਅਤੇ ਪੂਰੀ ਵਰਦੀ ਪਹਿਨ ਕੇ ਸਕੂਲ ਆਉਣ।ਕਿਰਪਾ ਕਰਕੇ ਯਕੀਨੀ ਬਣਾਉਣਾ ਕਿ ਬੱਚੇ ਅਜਿਹਾ ਕਰਨ। ਸਾਰੇ ਜੰਪਰਜ਼ ਅਤੇ ਕਾਰਡੀਗਨਜ਼ ਸਕੂਲ ਲੋਗੋ ਵਾਲੇ ਹੋਣੇ ਚਾਹੀਦੇ ਹਨ।ਸਕੂਲੀ ਵਰਦੀ ਵਾਲੇ ਕਾਲੇ ਬੂਟ(ਬਿਨਾਂ ਆਗਿਆ ਦੇ ਫੁੱਟਬਾਲ ਬੂਟ ਜਾਂ ਟਰੇਨਰ ਨਹੀਂ -ਬਸ਼ਰਤੇ ਕਿ ਖੇਡ ਕਿਰਿਆ ਹੋ ਰਹੀ ਹੋਵੇ, ਤਾਂ ਵੀ ਬੂਟ ਖੇਡ ਖੇਡਣ ਤੋਂ ਪਹਿਲਾਂ ਅਤੇ ਬਾਅਦ ਵਿਚ ਬਦਲਣੇ ਹਨ)।


ਜੇਕਰ ਆਪ ਜੀ ਦਾ ਬੱਚਾ ਠੀਕ ਸਕੂਲੀ ਵਰਦੀ ਪਹਿਨ ਕੇ ਸਕੂਲ ਨਹੀਂ ਆਉਂਦਾ ਤਾਂ ਆਪ ਜੀ ਨੂੰ ਲੋੜੀਂਦੇ ਕਪੜੇ ਲਿਆਉਣ ਲਈ ਸੰਪਰਕ ਕੀਤਾ ਜਾਵੇਗਾ। ਅਸੀਂ ਹਰ ਬੱਚੇ ਦੀ ਵਰਦੀ ਦਾ **ਬੜੇ ਧਿਆਨ ਨਾਲ** ਨਿਰੀਖਣ ਕਰਾਂਗੇ।

### ਜਮਾਤੀ ਸਭਾਵਾਂ

ਇਸ ਹਾਫ਼ ਟਰਮ ਦੀਆਂ ਸਭਾਵਾਂ ਦੀਆਂ ਤਾਰੀਖ਼ਾਂ ਹੇਠਾਂ ਵੇਖਣਾ ਜੀ। ਅਸੀਂ ਮਾਪਿਆਂ ਅਤੇ ਗਵਰਨਰ ਸਾਹਿਬਾਨ ਨੂੰ ਬਚਿੱਆਂ ਦੀ ਪੇਸ਼ਕਾਰੀ ਦੇਖਣ ਲਈ ਨਿੱਘਾ ਸੱਦਾ ਦਿੰਦੇ ਹਾਂ।ਸਭਾਵਾਂ ਸਵੇਰੇ ੮.੫੦ ਤੇ ਅਰੰਭ ਹੋਣਗੀਆਂ। ਸਮੇਂ ਸਿਰ ਪੁਜਣ ਦੀ ਕਿਰਪਾ ਕਰਨੀ ਜੀ।

| **ਜਮਾਤ** | **ਤਾਰੀਖ਼** |
|---|---|
| **ਸਾਹਿਬਜ਼ਾਦਾ ਜੁਝਾਰ ਸਿੰਘ ਜੀ (ਮਿਸਟਰ ਸਹਿੰਬੀ)** | **ਸ਼ੁਕਰਵਾਰ ੧੬ ਮਈ** |
| ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ (ਮਿਸ ਚਟਵਾਲ) | ਸ਼ੁਕਰਵਾਰ ੧੩ ਜੂਨ |
| ਸਾਹਿਬਜ਼ਾਦਾ ਫਤਿਹ ਸਿੰਘ ਜੀ (ਮਿਸ ਹੈਰਿਡ) | ਵਿਰਵਾਰ ੧੯ ਮਈ |
| ਨਰਸਰੀ (ਮਿਸਿਜ਼ ਵਿਰਦੀ) | ਸ਼ੁਕਰਵਾਰ ੨੦ ਜੂਨ |
| ਤੀਜੀ ਜਮਾਤ-ਗੁਰੂ ਰਾਮ ਦਾਸ ਜੀ ਜਮਾਤ (ਮਿਸ ਬਰਕ) | ਸ਼ੁਕਰਵਾਰ ੨੭ ਜੂਨ |
| ਤੀਜੀ ਜਮਾਤ-ਗੁਰੂ ਅਮਰ ਦਾਸ ਜੀ ਜਮਾਤ (ਮਿਸਿਜ਼ ਕੌਰ) | ਸ਼ੁਕਰਵਾਰ ੦੪ ਜੁਲਾਈ |
| ਜਮਾਤ ਚੌਥੀ ਗੁਰੂ ਅਰਜਨ ਦੇਵ ਜੀ (ਮਿਸ ਜੁਟਲਾ) | ਸ਼ੁਕਰਵਾਰ ੧੧ ਜੁਲਾਈ |
| ਜਮਾਤ ਚੌਥੀ ਗੁਰੂ ਹਰਗੋਬਿੰਦ ਸਾਹਿਬ ਜੀ (ਮਿਸਿਜ਼ ਜਟਾਨਾ) | ਬੁਦਵਾਰ ੧੬ ਜੁਲਾਈ |

### ਡਾਇਰੀ ਲਈ ਤਾਰੀਖ਼ਾਂ




| ਤਾਰੀਖ਼ | ਵਿਸ਼ੇਸ਼ ਮੌਕਾ |
|---|---|
| ਮੰਗਲਵਾਰ ੧੨ ਮਈ ਤੋਂ ਸ਼ੁਕਰਵਾਰ ੧੮ ਮਈ | ਪੁਸਤਕ ਮੇਲਾ |
| ਮੰਗਲਵਾਰ ੨੬ ਮਈ ਤੋਂ ਸ਼ੁਕਰਵਾਰ ੩੦ ਮਈ | ਹਾਫ਼ ਟਰਮ |

### ਬਚਿੱਆਂ ਦਾ ਪੁਸਤਕ ਹਫ਼ਤਾ






ਸੋਮਵਾਰ ੧੨ ਮਈ ਤੋਂ ਸ਼ੁਕਰਵਾਰ ੧੬ ਮਈ ਤੱਕ ਅਸੀਂ ਪੁਸਤਕ ਹਫ਼ਤਾ ਮਨਾਵਾਂਗੇ।ਤੁਹਾਡੇ ਕੋਲ ਆਪਣੇ ਬਚਿੱਆਂ ਲਈ ਪੁਸਤਕਾਂ ਖਰੀਦਣ ਦਾ ਮੌਕਾ ਹੋਵੇਗਾ।ਇਹ ਪੁਸਤਕ ਮੇਲਾ ਸਾਰਾ ਹਫ਼ਤਾ ਦੁਪਿਹਰ ੩.੨੦ ਤੋਂ ੪.੦੦ ਵਜੇ ਤੱਕ ਸਕੂਲ ਦੇ ਹਾਲ ਵਿਚ ਲਗੇਗਾ।

### ਪਾਰਕਿੰਗ ਅਤੇ ਸੜਕ ਸੁਰਖਿਆ ਦੀ ਹਾਜ਼ਰੀ

ਤੁਸੀਂ ਵੇਖਿਆ ਹੋਵੇਗਾ ਕਿ ਸਕੂਲ ਦੇ ਬਾਹਰ ਸੜਕ ਉੱਤੇ ਜ਼ੈਬਰਾ ਕਰਾਸਿੰਗ ਬਣਾਇਆ ਗਿਆ ਹੈ।ਇਹ ਸੜਕ ਦੀ ਵਰਤੋਂ ਕਰਨ ਵਾਲਿਆਂ ਦੀ ਸੁਰਖਿਆ ਲਈ ਕੀਤਾ ਗਿਆ ਸੁਧਾਰ ਹੈ , ਖ਼ਾਸ ਤੌਰ ਤੇ ਬਚਿੱਆਂ ਦੀ ਸੁਰਖਿਆ ਲਈ।ਅਸੀਂ ਜਾਣਦੇ ਹਾਂ ਕਿ ਇਸ ਨਾਲ ਪਾਰਕਿੰਗ ਦੀ ਸਮਸਿੱਆ ਵਧੀ ਹੈ।ਥੋੜੀ ਦੂਰ ਗੱਡੀ ਪਾਰਕ ਕਰਨ ਨਾਲ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਸਕੂਲ ਤਕ ਕੁਝ ਦੂਰ ਤੁਰਨ ਦਾ ਮੌਕਾ ਮਿਲਦਾ ਹੈ।ਅਸੀਂ ਮਾਪਿਆਂ ਨੂੰ ਥੋੜਾ ਜਲਦੀ ਘਰੋਂ ਤੁਰਨ ਦੀ ਸਲਾਹ ਦਿੰਦੇ ਹਾਂ ਤਾਂ ਜੋ ਬੱਚੇ ਸਮੇਂ ਸਿਰ ਸਕੂਲ ਪਹੁੰਚ ਸਕਣ।



ਅਸੀਂ ਤੁਹਾਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਕਿਰਪਾ ਕਰਕੇ ਗੱਡੀਆਂ ਪਾਰਕ ਕਰਦੇ ਸਮੇਂ ਹਰ ਸਮੇਂ ਦੂਜਿਆਂ, ਖ਼ਾਸ ਕਰਕੇ ਗੁਆਂਢੀਆਂ ਦੀ ਸਹੂਲਤ ਦਾ ਧਿਆਨ ਰਖਣਾ ਜੀ।ਕਿਰਪਾ ਕਰਕੇ ਹੇਠ ਲਿਖੇ ਥਾਂ ਤੇ ਪਾਰਕ ਨਾ ਕਰਨਾ ਜੀ:

- ਡਰਾਈਵਵੇ ਦੇ ਸਾਹਮਣੇ
- ਸਕੂਲ ਦੇ ਕਾਰਾਂ ਵਾਲੇ ਗੇਟ ਦੇ ਸਾਹਮਣੇ
- ਐਲਮ ਕੋਰਟ ਦੀ ਨਿੱਜੀ ਜਾਇਦਾਦ ਦੇ ਅੰਦਰ
- ਕਾਰਾਂ ਦੇ ਦਰਮਿਆਨ ਬਹੁਤ ਸਾਰੀ ਥਾਂ ਛੱਡ ਕੇ, ਅਯੋਗ ਥਾਂ
- ਦੂਹਰੀ ਪੀਲੀ ਲਕੀਰ ਉੱਤੇ ਜਾਂ
- ਸਕੂਲ ਦੇ ਬਾਹਰ ਜ਼ਿੱਗ ਜ਼ੈਗ ਮਾਰਕਿੰਗ ਉੱਤੇ


ਇਸ ਇਲਾਕੇ ਦੀ ਨਿਗਰਾਨੀ ਇਕ ਟਰੈਫਿਕ ਵਾਰਡਨ ਵੱਲੋਂ ਕੀਤੀ ਜਾ ਰਹੀ ਹੈ।

ਅਸੀਂ ਮਾਪਿਆਂ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਕਿਰਪਾ ਕਰਕੇ ਗੱਡੀਆਂ ਪਾਰਕ ਕਰਨ ਸਮੇਂ, ਬਚਿੱਆਂ ਨੂੰ ਚੁਕੱਣ ਅਤੇ ਛੱਡਣ ਵੇਲੇ ਗੱਡੀਆਂ ਵਿਚ ਕੋਈ ਨਿੱਜੀ ਵਸਤੂ ਨਾ ਛੱਡਣਾ ਜੀ।

### ਇਸ ਹਫ਼ਤੇ ਦਾ ਵਿਚਾਰ

**"ਨਿਸ਼ਕਾਮ ਸੇਵਾ ਰਾਹੀਂ ਸਦੀਵੀ ਸ਼ਾਂਤੀ ਪ੍ਰਾਪਤ ਕੀਤੀ ਜਾ ਸਕਦੀ ਹੈ।"**

### ਹਾਜ਼ਰੀ



੦੯/੦੫/੨੦੧੪ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਗੁਰੂ ਅਰਜਨ ਜੀ ਜਮਾਤ** ਨੂੰ ਸ਼ਾਬਾਸ਼ ਹੇ।

### ਸੁਨਿਹਰੀ ਅਸੂਲ

ਇਸ ਹਫ਼ਤੇ ਦਾ ਸੁਨਿਹਰੀ ਅਸੂਲ **ਨਾਮ ਜਪਣਾ** ਹੈ।ਬੱਚੇ ਜਿਨ੍ਹਾਂ ਨੂੰ ੦੯/੦੫/੨੦੧੪ ਨੂੰ ਸਮਾਪਤ ਹੋਏ ਹਫ਼ਤੇ **ਵੰਡ ਛਕਣਾ** ਲਈ ਸਤਿਕਾਰਤ ਕੀਤਾ ਜਾਂਦਾ ਹੈ:

**ਚੌਥੀ ਜਮਾਤ:**

ਗੁਰੂ ਹਰਗੋਬਿੰਦ ਸਾਹਿਬ ਜੀ – ਨਿਮਰਨ

ਗੁਰੂ ਅਰਜਨ ਦੇਵ ਜੀ – ਰਾਜਸ਼ਿਵਰਾਜ

**ਤੀਜੀ ਜਮਾਤ:**

ਗੁਰੂ ਰਾਮਦਾਸ ਜੀ – ਨਿਕਿਤਾ

ਗੁਰੂ ਅਮਰਦਾਸ ਜੀ – ਪ੍ਰਭਲੀਨ

**ਦੂਜੀ ਜਮਾਤ:**

ਗੁਰੂ ਨਾਨਕ ਦੇਵ ਜੀ – ਸਰੀਨਾ

ਗੁਰੂ ਅੰਗਦ ਦੇਵ ਜੀ – ਗੁਰਸ਼ਾਮਨ

**ਪਹਿਲੀ ਜਮਾਤ:**

ਸਾਹਿਬਜ਼ਾਦਾ ਅਜੀਤ ਸਿੰਘ ਜੀ ਜਮਾਤ – ਤਰਨਦੀਪ

ਸਾਹਿਬਜ਼ਾਦਾ ਜੁਝਾਰ ਸਿੰਘ ਜੀ ਜਮਾਤ – ਅਜੀਤ

**ਰਿਸੈਪਸ਼ਨ**

ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਜਮਾਤ – ਅਮਨਪ੍ਰੀਤ

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਜਮਾਤ – ਹਰਨੀਸ਼





